pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
ਦਫ: ਉੱਪ ਮੁੱਖ ਇੰਜੀ:/ ਐਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ।
ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਇਟ : pstcl.org

ਵੱਲ

1. ਉੱਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ।
2. ਸੀਨੀ:ਕਾ:ਕਾ:ਇੰਜੀ:/ਅਸਟੇਟ ਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ,-ਪਟਿਆਲਾ।

ਮੀਮੋ ਨੰ: 8867/68 /Sen/CG.Peon/16 ਮਿਤੀ: 06/09/24

ਵਿਸ਼ਾ: ਪੀ.ਐਸ.ਟੀ.ਸੀ.ਐਲ ਵੱਲੋਂ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਸੇਵਾਦਾਰ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ (ਮਿਤੀ 13.02.2021 ਤੋਂ 31.08.2024 ਤੱਕ) ਜਾਰੀ ਕਰਨ ਸਬੰਧੀ।

ਪੀ.ਐਸ.ਟੀ.ਸੀ.ਐਲ.ਵੱਲੋ ਭਰਤੀ ਕੀਤੇ ਸੇਵਾਦਾਰ ਕਰਮਚਾਰੀਆਂ ਦੀ ਮਿਤੀ 13.02.2021 ਤੋਂ 31.08.2024 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ। ਇਹ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਸੇਵਾਦਾਰ ਕਰਮਚਾਰਨ ਦੇ ਸੇਵਾ ਵੇਰਵੇ ਅਤੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਰਮਚਾਰਨ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਵੇਰਵੇ ਉਸ ਦੀ ਸੇਵਾ ਪੱਤਰੀ ਤੋਂ ਜਾਂਚ ਲਏ ਜਾਣ । ਇਸ ਤੋਂ ਇਲਾਵਾ ਜੇਕਰ ਕੋਈ ਸੇਵਾਦਾਰ ਕਰਮਚਾਰੀ ਜਿਸ ਦੀ ਜੁਆਇਨਿੰਗ ਮਿਤੀ 13.02.2021 ਤੋਂ 31.08.2024 ਤੱਕ ਦੇ ਸਮੇਂ ਦੌਰਾਨ ਹੋਈ ਹੋਵੇ ਤਾਂ ਉਹ ਇਸ ਦਫਤਰ ਨੂੰ ਸਬੰਧਤ ਦਫਤਰ ਰਾਹੀਂ ਸੂਚਿਤ ਕਰ ਸਕਦਾ ਹੈ।

ਇਹ ਟੈਨਟੇਟਿਵ ਸੀਨੀਆਰਤਾ ਸੂਚੀ ਸਾਰੇ ਸਬੰਧਤ ਕਰਮਚਾਰਨ ਤੋਂ ਨੋਟ ਕਰਵਾ ਲਈ ਜਾਵੇ।ਜੇਕਰ ਕਰਮਚਾਰਨ ਇਹ ਅਨੁਭਵ ਕਰੇ ਕਿ ਉਸ ਨੂੰ ਠੀਕ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਗਿਆ ਜਾਂ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਆਪਣੀ ਪ੍ਰਤੀਬੇਨਤੀ, ਸੂਚੀ ਜਾਰੀ ਹੋਣ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਨੂੰ ਭੇਜੇ। ਜੇਕਰ ਮਿੱਥੇ ਸਮੇਂ ਤੋਂ ਅੰਦਰ ਕੋਈ ਸੂਚਨਾਂ/ਪ੍ਰਤੀ ਬੇਨਤੀ ਪ੍ਰਾਪਤ ਨਹੀਂ ਹੁੰਦੀ ਤਾਂ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਅੰਤਿਮ ਘੋਸ਼ਿਤ ਕਰ ਦਿੱਤਾ ਜਾਵੇਗਾ:-

(1) ਇਸ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ, ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਇਹ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

ਨੱਥੀ/ ਸੇਵਾਦਾਰ ਦੀ
ਟੈਨਟੇਟਿਵ ਸੀਨੀਆਰਤਾ ਸੂਚੀ।

6/9/2024

ਵਧੀਕ ਨਿਗਰਾਨ ਇੰਜ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

2/2

Scanned with OKEN Scanner

ਪੀ.ਐਸ.ਟੀ.ਸੀ.ਐਲ ਵੱਲੋਂ ਤਰਸ ਦੇ ਅਧਾਰ ਤੇ ਨਿਯੁਕਤ ਕੀਤੇ ਸੇਵਾਦਾਰ ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਮਿਤੀ (ਮਿਤੀ 13.02.2021 ਤੋਂ 31.08.2024) ਤੱਕ

| ਕਰਮਚਾਰਨ ਦਾ ਨਾਮ ਪਿਤਾ ਦਾ ਨਾਮ (ਸਰਵ ਸ਼੍ਰੀ.) | ਆਈ.ਡੀ. ਨੰ: | ਸੀਨੀ:ਨੰ:ਬਤੌਰ ਸੇਵਾਦਾਰ | ਕੈਟਾਗਿਰੀ | ਜਨਮ ਮਿਤੀ | ਪੀ.ਐਸ.ਟੀ.ਸੀ.ਐਲ. ਵਿੱਚ ਹਾਜਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਹਾਜ਼ਰ ਹੋਣ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|---|
| ਨਿਸ਼ਾ/ਵਿਜੈ ਕੁਮਾਰ | 609586 | 86 | ਜਨਰਲ | 10.02.93 | 19.07.21 | 19.07.21 | |

6/9/24

ਵਧੀਕ ਨਿਗਰਾਨ ਇੰਜ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

6/9/24

Scanned with OKEN Scanner